# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ ਪੰਜਾਬ

## ਸਮੱਗਰਾ ਸਿੱਖਿਆ ਅਭਿਆਨ ਪੰਜਾਬ

5ਵੀਂ ਮੰਜ਼ਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-8, ਐੱਸ.ਏ.ਐੱਸ. ਨਗਰ

---

ਵੱਲ

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),**
**ਪੰਜਾਬ।**

ਮੀਮੋ ਨੰ. ਸਮੱਗਰਾ/2025/ਐਡਮਨ(985890)/ 286052
ਮਿਤੀ, ਐੱਸ.ਏ.ਐੱਸ. ਨਗਰ 26-09-2025

**ਵਿਸ਼ਾ: ਸਿੱਖਿਆ-7 ਸ਼ਾਖਾ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 23.09.2025 ਦੇ ਸਨਮੁੱਖ, ਆਪਸ਼ਨ ਲਈ ਪੋਰਟਲ ਖੋਲਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਵਿਸ਼ਾ ਅੰਕਿਤ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ-7 ਸ਼ਾਖਾ, ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ ਤੇ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਸਬੰਧੀ ਨੋਟੀਫਿਕੇਸ਼ਨ ਮਿਤੀ 23.09.2025 ਜਾਰੀ ਕੀਤਾ ਗਿਆ ਹੈ, ਨੋਟੀਫਿਕੇਸ਼ਨ ਦੀ ਕਾਪੀ ਇਸ ਪੱਤਰ ਨਾਲ ਨੱਥੀ ਹੈ।

3.0 ਉਕਤ ਨੋਟੀਫਿਕੇਸ਼ਨ ਦੇ ਸਨਮੁੱਖ, ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਜਾਂ ਸੋਸਾਇਟੀ ਅਧੀਨ ਹੀ ਸੇਵਾਵਾਂ ਜਾਰੀ ਰੱਖਣ ਸਬੰਧੀ, ਈ-ਪੰਜਾਬ ਪੋਰਟਲ 'ਤੇ ਆਪਣੇ ਲਾਗਿਨ ਆਈ.ਡੀ. ਰਾਹੀਂ ਲਾਗਿਨ ਕਰਦੇ ਹੋਏ, ਆਪਸ਼ਨ ਦਿੱਤੀ ਜਾਣੀ ਹੈ।

4.0 ਉਕਤ ਦੇ ਸਬੰਧ ਵਿੱਚ ਆਪਸ਼ਨ ਦੀ ਚੋਣ ਕਰਨ ਲਈ ਮਿਤੀ 26.09.2025 ਤੋਂ ਮਿਤੀ 02.10.2025 ਤੱਕ ਈ-ਪੰਜਾਬ ਪੋਰਟਲ ਖੋਲਿਆ ਗਿਆ ਹੈ। ਇਸ ਲਈ ਆਪ ਦੇ ਅਧੀਨ ਸਮੱਗਰਾ ਸਿੱਖਿਆ ਅਭਿਆਨ ਤਹਿਤ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਨੂੰ ਨਿਸ਼ਚਿਤ ਸਮੇਂ ਅੰਦਰ ਆਪਸ਼ਨ ਕਲਿੱਕ ਕਰਨ ਸਬੰਧੀ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ। ਕਰਮਚਾਰੀ ਵੱਲੋਂ ਈ-ਪੰਜਾਬ ਪੋਰਟਲ ਤੇ ਚੋਣ ਕੀਤੀ ਗਈ ਆਪਸ਼ਨ ਅੰਤਿਮ ਮੰਨੀ ਜਾਵੇਗੀ ਅਤੇ ਮਿਤੀ 02.10.2025 ਤੋਂ ਬਾਅਦ ਆਪਸ਼ਨ ਦੇਣ ਲਈ ਕੋਈ ਹੋਰ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

5.0 ਕਿਸੇ ਕਿਸਮ ਦੀ ਟੈਕਨੀਕਲ ਸਮੱਸਿਆ ਲਈ ਆਪਣੇ ਜਿਲੇ ਦੇ ਐੱਮ.ਆਈ.ਐੱਸ. ਕੋਆਰਡੀਨੇਟਰ ਦੀ ਡਿਊਟੀ ਲਗਾਈ ਜਾਵੇ, ਜੋ ਤੁਰੰਤ ਮੁੱਖ ਦਫਤਰ ਦੀ ਐੱਮ.ਆਈ.ਐੱਸ. ਸ਼ਾਖਾ ਨਾਲ ਤਾਲਮੇਲ ਕਰਕੇ ਟੈਕਨੀਕਲ ਸਮੱਸਿਆ ਦਾ ਨਿਵਾਰਨ ਕਰੇਗਾ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**

**ਪਿ.ਅੰ.ਨੰ. ਸਮੱਗਰਾ/2025/ਐਡਮਨ(985890)/** ਉਕਤ **ਮਿਤੀ, ਐੱਸ.ਏ.ਐੱਸ. ਨਗਰ:** 26-09-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ/ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਨਿੱਜੀ ਸਹਾਇਕ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਹਾਇਕ/ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ।
4. ਡਿਪਟੀ ਐੱਸ.ਪੀ.ਡੀ. (ਐੱਮ.ਆਈ.ਐੱਸ. ਸ਼ਾਖਾ) ਸਮੱਗਰਾ ਸਿੱਖਿਆ ਅਭਿਆਨ ਪੰਜਾਬ ਨੂੰ ਨਿਸ਼ਚਿਤ ਮਿਤੀਆਂ ਤੇ ਪੋਰਟਲ ਖੋਲਣ ਲਈ ਅਤੇ ਇਹ ਪੱਤਰ ਵਿਭਾਗ ਦੀ ਵੈੱਬ-ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**

SED- EDU7/1/2025-3EDU7

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-7 ਸ਼ਾਖਾ)

**ਦਫਤਰੀ ਹੁਕਮ**

ਨੰ:I/1206812/2025 ਮਿਤੀ, ਚੰਡੀਗੜ੍ਹ:23.09.2025

ਵਿਸ਼ਾ: **ਸਿੱਖਿਆ ਵਿਭਾਗ ਵਿੱਚ 1007 ਅਸਾਮੀਆਂ ਦੀ ਰਚਨਾ ਕਰਕੇ ਸਮੱਗਰਾ ਸਿੱਖਿਆ ਅਭਿਆਨ (SSA) ਅਧੀਨ ਠੇਕੇ ਦੇ ਆਧਾਰ ਤੇ ਕੰਮ ਕਰਦੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ/ਨਿਯਮਿਤ ਕਰਨ ਸਬੰਧੀ।**

***

1. ਮੰਤਰੀ ਪ੍ਰੀਸ਼ਦ ਦੀ ਮਿਤੀ 08.09.2025 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ 1007 ਨਾਨ-ਟੀਚਿੰਗ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਦੇ ਮੰਤਵ ਸਨਮੁੱਖ ਸਿੱਖਿਆ ਵਿਭਾਗ ਵਿੱਚ 1007 ਨਾਨ-ਟੀਚਿੰਗ ਕਾਡਰ ਦੀਆਂ ਅਸਾਮੀਆਂ ਦੀ ਰਚਨਾ ਕਰਨ ਸਬੰਧੀ ਵਿੱਤ ਵਿਭਾਗ ਵੱਲੋਂ ਪੱਤਰ ਮਿਤੀ 16.12.2019 ਅਤੇ ਮਿਤੀ 22.05.2025 ਰਾਂਹੀ ਨਾਨ-ਟੀਚਿੰਗ ਸਟਾਫ ਦੇ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਦੇ ਨਾਲ ਅਹੁਦਿਆਂ ਦੀ ਪ੍ਰਦਾਨ ਕੀਤੀ ਸਮਾਨਤਾ ਸਨਮੁੱਖ ਸਕੂਲ ਸਿੱਖਿਆ ਵਿਭਾਗ ਵਿੱਚ 955 ਲਾਇਬ੍ਰੇਰੀ ਰਿਸਟੋਰਰ ਦੀਆਂ ਅਸਾਮੀਆਂ ਨੂੰ ਸਰੰਡਰ ਕਰਦੇ ਹੋਏ ਹੇਠ ਅਨੁਸਾਰ 1007 ਅਸਾਮੀਆਂ ਦੀ ਰਚਨਾ ਕੀਤੀ ਜਾਂਦੀ ਹੈ:-

| Sr. No. | Category | Number | Equivalent post granted as per FD letter dated 16.12.2019 | Pay scale of equivalent posts as per FD letter dated 16.12.2019 | No. of post to be created |
|---|---|---|---|---|---|
| 1 | Deputy Manager | 2 | Senior Assistant | 10300-34800+4400 | 2 |
| 2 | Assistant Manager | 9 | Clerk Cum Data Entry Operator | 10300-34800+3200 | 9 |
| 3 | Assistant Project Manager (General) | 18 | Clerk Cum Data Entry Operator | 10300-34800+3200 | 18 |
| 4 | Assistant Project Manager (Finance) | 15 | Clerk Cum Data Entry Operator | 10300-34800+3200 | 15 |
| 5 | Legal Assistant | 17 | Legal Assistant | 10300-34800+4200 | 17 |
| 6 | Computer Programmer | 1 | Clerk Cum Data Entry Operator | 10300-34800+3200 | 1 |
| 7 | Data Entry Operator | 382 | Clerk Cum Data Entry Operator | 10300-34800+3200 | 382 |
| 8 | Store Keeper | 1 | Clerk Cum Data Entry Operator | 10300-34800+3200 | 1 |
| 9 | Accountant | 354 | Clerk Cum Data | 10300- | 354 |

| | | | | | |
|---|---|---|---|---|---|
| | | | Entry Operator | 34800+3200 | |
| 10 | Junior Engineer (Civil) | 10 | Junior Engineer | 10300-34800+4800 | 10 |
| 11 | Physiotherapist | 8 | Clerk Cum Data Entry Operator | 10300-34800+3200 | 8 |
| 12 | MIS Coordinator | 109 | MIS Coordinator | 10300-34800+3200 | 109 |
| 13 | Lab Attendant | 60 | Senior Laboratory Attendant | 5910-20200+2400 | 60 |
| 14 | Clerk (Adrash School) | 3 | Clerk Cum Data Entry Operator | 10300-34800+3200 | 3 |
| 15 | Clerk (Model School) | 4 | Clerk Cum Data Entry Operator | 10300-34800+3200 | 4 |
| 16 | Librarian (Adrash School) | 4 | Librarian | 5910-20200+3000 | 4 |
| 17 | Librarian (Model School) | 10 | Librarian | 5910-20200+3000 | 10 |
| | **Total** | **1007** | | | **1007** |

2. ਉਪਰੋਕਤ ਦਰਸਾਈਆਂ ਅਸਾਮੀਆਂ ਤੇ ਨਿਯਮਿਤ ਹੋਣ ਵਾਲੇ ਨਾਨ-ਟੀਚਿੰਗ ਕਰਮਚਾਰੀਆਂ ਨੂੰ ਹੇਠ ਦਰਸਾਇਆਂ ਸ਼ਰਤਾਂ ਅਧੀਨ ਰੈਗੂਲਰ / ਨਿਯਮਿਤ ਕੀਤਾ ਜਾਵੇਗਾ:-

(i) ਰੈਗੂਲਰ ਹੋਣ ਵਾਲੇ ਕਰਮਚਾਰੀ ਵਿੱਤ ਵਿਭਾਗ ( ਵਿੱਤ ਪ੍ਰਸੋਨਲ-1) ਦੀਆਂ ਹਦਾਇਤਾਂ ਮਿਤੀ 15.01.2015 ਅਤੇ ਇਸ ਉਪਰੰਤ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੇ ਪਾਬੰਦ ਹੋਣਗੇ ਅਤੇ ਇਸ ਅਨੁਸਾਰ ਹੀ ਉਹਨਾਂ ਨੂੰ 3 ਸਾਲ ਦੇ ਪਰਖਕਾਲ ਸਮੇਂ ਦੌਰਾਨ ਬਣਦੀ ਤਨਖਾਹ ਦੀ ਅਦਾਇਗੀ ਹੋਵੇਗੀ।

(ii) ਰੈਗੂਲਰ ਹੋਣ ਵਾਲੇ ਕਰਮਚਾਰੀਆਂ ਨੂੰ 7ਵੇਂ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਸਕੇਲ ਮਿਲਣਯੋਗ ਹੋਣਗੇ।

(iii) ਰੈਗੂਲਰ ਹੋਣ ਵਾਲੇ ਕਰਮਚਾਰੀਆਂ ਦੀ ਸੀਨੀਅਰਤਾ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਹੁਕਮਾਂ ਦੀ ਮਿਤੀ ਤੋਂ ਲਾਗੂ ਹੋਵੇਗੀ ।

(v) ਰੈਗੂਲਰ ਹੋਣ ਵਾਲੇ ਨਾਨ-ਟੀਚਿੰਗ ਕਰਮਚਾਰੀ ਸਰਕਾਰ ਵੱਲੋਂ ਸਮੇਂ-ਸਮੇਂ ਤੇ ਨਿਰਧਾਰਿਤ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸੌਂਪੇਂ ਜਾਣ ਵਾਲੇ ਕੰਮ ਕਰਨ ਦੇ ਪਾਬੰਦ ਹੋਣਗੇ।

(vi) ਰੈਗੂਲਰ ਹੋਣ ਵਾਲੇ ਕਰਮਚਾਰੀਆਂ ਤੋਂ ਇਹਨਾਂ ਸ਼ਰਤਾ ਅਨੁਸਾਰ ਡਾਇਰੈਕਟੋਰੇਟ ਆਪਣੇ ਪੱਧਰ ਤੇ ਸਬੰਧਤ ਤੋਂ ਆਪਸ਼ਨ ਵੀ ਪ੍ਰਾਪਤ ਕਰੇਗਾ ਕਿ ਉਹ ਆਪਣੀ ਸੇਵਾ ਸਰਕਾਰ ਵੱਲ ਜਾਂ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਵਿੱਚ ਰੱਖਣ ਦਾ ਚਾਹਵਾਨ ਹੈ।ਇੱਕ ਵਾਰ ਵਰਤੋਂ ਕੀਤੀ ਆਪਸ਼ਨ ਅੰਤਿਮ ਹੋਵੇਗੀ ਅਤੇ ਇਸ ਵਿੱਚ ਕੋਈ ਵੀ ਬਦਲਾਅ ਕਰਨ ਦਾ ਅਧਿਕਾਰ ਨਹੀਂ ਹੋਵੇਗਾ ।

(vii) ਇਹਨਾਂ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਬਾਕੀ ਸ਼ਰਤਾਂ ਅਤੇ ਬਾਧਾਂ ਸਬੰਧੀ ਕਾਰਵਾਈ ਡਾਇਰੈਟਰ ਸਕੂਲ ਸਿੱਖਿਆ (ਸੈਕੰਡਰੀ) ਵੱਲੋਂ ਕੀਤੀ ਜਾਵੇਗੀ।

**ਮਿਤੀ, ਚੰਡੀਗੜ੍ਹ**
**23.09.2025**

**ਅਨਿੰਦਿਤਾ ਮਿਤਰਾ, ਆਈ.ਏ.ਐਸ.**
**ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਪਿੱਠ: ਅੰ: ਨੰ: I/1206812(1) ਮਿਤੀ, ਚੰਡੀਗੜ੍ਹ: 23.09.2025

ਉਤਾਰਾ ਸੁਪਰਡੰਟ, ਆਮ-ਰਾਜ ਪ੍ਰਬੰਧ ਵਿਭਾਗ ( ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਹਨਾਂ ਦੇ ਅੰ: ਵਿ: ਪੱ: ਨੰ: 1/99/2025-1ਕੈਬ/558/1 ਮਿਤੀ 09.09.2025 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੱਠ: ਅੰ: ਨੰ: I/1206812(2) ਮਿਤੀ, ਚੰਡੀਗੜ੍ਹ: 23.09.2025

ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਇਹਨਾਂ ਹੁਕਮਾਂ ਨੂੰ ਲਾਗੂ ਕਰਨ ਲਈ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਦਫਤਰ ਨਾਲ ਤਾਲਮੇਲ ਕਰਦੇ ਹੋਏ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੱਠ: ਅੰ: ਨੰ: I/1206812(3) ਮਿਤੀ, ਚੰਡੀਗੜ੍ਹ: 23.09.2025

ਉਤਾਰਾ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਉਕਤ ਦਰਸਾਈਆਂ ਅਸਾਮੀਆਂ ਨੂੰ ਵਿਭਾਗੀ ਸੇਵਾ ਨਿਯਮਾਂ ਵਿੱਚ ਸ਼ਾਮਿਲ ਕਰਨ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ ਅਤੇ ਡਾਇਰੈਟਰ ਜਨਰਲ ਸਕੂਲ ਸਿੱਖਿਆ ਨਾਲ ਤਾਲਮੇਲ ਕਰਦੇ ਹੋਏ ਰੈਗੂਲਰ ਹੋਣ ਵਾਲੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ ਕਾਰਵਾਈ ਤੁਰੰਤ ਕੀਤੀ ਜਾਵੇ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੱਠ: ਅੰ: ਨੰ: I/1206812(4) ਮਿਤੀ, ਚੰਡੀਗੜ੍ਹ: 23.09.2025

ਉਤਾਰਾ ਸੁਪਰਡੰਟ ਪ੍ਰਸੋਨਲ ਵਿਭਾਗ ( ਪੀ.ਪੀ.3 ਸ਼ਾਖਾ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ